ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ

**Office of the Deputy Commissioner-cum-Distt. Magistrate, Faridkot**

(ਫੁਟਕਲ ਸ਼ਾਖਾ)

ਹੁਕਮ ਨੰਬਰ 427 /ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿ.ਅੰ.ਨੰਬਰ 1587/ਫਸ ਮਿਤੀ 23.03.2020 ਰਾਹੀਂ ਕੋਰੋਨਾ ਵਾਇਰਸ ਦੇ ਬਚਾਅ ਲਈ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਹੈ।

ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ ਵੱਲੋ ਮੀਮੋ ਨੰ: **SS/ACSH/2020/408 dated 07.05.2020** ਰਾਂਹੀ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਆਮ ਲੋਕਾਂ/ਕਿਸਾਨਾਂ ਦੀ ਸਹੂਲਤ ਲਈ ਜਿਲ੍ਹਾ ਫਰੀਦਕੋਟ ਅੰਦਰ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਸਥਿਤ ਕੋਲਡ ਸਟੋਰ ਅਤੇ ਗੋਦਾਮਾਂ (ਲਾਲ, ਸੰਤਰੀ ਜਾਂ ਹਰੇ ਜੋਨਾ ਵਿੱਚ) ਨੂੰ ਖੋਲ੍ਹਣ ਲਈ ਕਰਫਿਊ ਦੇ ਹੁਕਮਾਂ ਤੋਂ ਸਵੇਰੇ 07:00 ਵਜੇ ਤੋਂ ਬਾਅਦ ਦੁਪਹਿਰ 03:00 ਵਜੇ ਤੱਕ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਛੋਟ ਦਿੱਤੀ ਜਾਂਦੀ ਹੈ:-

1) ਕੋਲਡ ਸਟੋਰ/ਗੋਦਾਮ ਮਾਲਕ ਇਹ ਯਕੀਨੀ ਬਣਾਉਣਗੇ ਕਿ ਉਹ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਇਸ ਦਫ਼ਤਰ ਵੱਲੋਂ ਜਾਰੀ ਕੋਵਿਡ-19 ਸਬੰਧੀ ਹੁਕਮਾਂ ਦੀ ਪਾਲਣਾ ਇੰਨ-ਬਿੰਨ ਯਕੀਨੀ ਬਣਾਉਣਗੇ।
2) ਕੋਲਡ ਸਟੋਰ/ਗੋਦਾਮ ਮਾਲਕ ਉਕਤ ਕਰਫਿਊ ਹੁਕਮਾਂ ਦੀ ਉਲੰਘਣਾ ਨਹੀਂ ਕਰੇਗਾ ਅਤੇ ਕੰਮ ਕਰਨ ਵਾਲੀ ਲੇਬਰ/ਵਰਕਰ ਇੱਕ ਦੂਸਰੇ ਤੋਂ ਘੱਟ ਤੋਂ ਘੱਟ 2 ਮੀਟਰ ਦੀ ਸਮਾਜਿਕ ਦੂਰੀ ਬਣਾਕੇ ਰੱਖਣਗੇ।
3) ਕੋਲਡ ਸਟੋਰ/ਗੋਦਾਮ ਮਾਲਕ ਆਪਣੀ ਲੇਬਰ/ਵਰਕਰਾਂ ਲਈ ਰਿਹਾਇਸ਼ ਅਤੇ ਖਾਣੇ ਆਦਿ ਦਾ ਪ੍ਰਬੰਧ ਆਪਣੇ ਕੋਲਡ ਸਟੋਰ/ਗੋਦਾਮ ਦੇ ਅੰਦਰ ਹੀ ਕਰੇਗਾ ਅਤੇ ਨਾਲ ਹੀ ਆਪਣੇ ਵਰਕਰਾਂ ਦੀ ਸਵੱਛਤਾ ਦਾ ਖਾਸ ਧਿਆਨ ਰੱਖੇਣਗੇ।
4) ਕੋਲਡ ਸਟੋਰ/ਗੋਦਾਮ ਮਾਲਕ ਵਰਕਰਾਂ ਨੂੰ ਸੈਨੇਟਾਈਜਰ, ਮਾਸਕ ਅਤੇ ਗਲਬਜ ਆਪਣੇ ਪੱਧਰ ਤੇ ਮੁਹੱਈਆ ਕਰਵਾਉਣਗੇ।

ਇਹ ਹੁਕਮ ਕਰਫਿਊ/ਲਾਕਡਾਊਨ ਦੌਰਾਨ ਲਾਗੂ ਰਹਿਣਗੇ।

ਮਿਤੀ 07-05-2020

(ਕੁਮਾਰ ਸੌਰਭ ਰਾਜ), ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

District Magistrate FARIDKOT

ਪਿੱ:ਅੰ:ਨੰ: 2580 /ਫਸ-ਫਕ-2 ਮਿਤੀ 07-05-2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
2) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
3) ਵਧੀਕ ਡਿਪਟੀ ਕਮਿਸ਼ਨਰ (ਜ) ਅਤੇ (ਵਿਕਾਸ), ਫਰੀਦਕੋਟ
4) ਉਪ ਮੰਡਲ ਮੈਜਿਸਟਰੇਟ, ਫਰੀਦਕੋਟ, ਕੋਟਕਪੂਰਾ, ਜੈਤੋ
5) ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ
6) ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਫਰੀਦਕੋਟ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਫਰੀਦਕੋਟ ਅੰਦਰ ਕੋਲਡ ਸਟੋਰ/ਗੋਦਾਮਾਂ ਨੂੰ ਸਮੇਂ-ਸਮੇਂ ਤੇ ਚੈੱਕ ਕੀਤਾ ਜਾਵੇ ਕਿ ਇਹ ਜਾਰੀ ਹਦਾਇਤਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ?
7) ਜਨਰਲ ਮੈਨੇਜਰ, ਜਿਲ੍ਹਾ ਉਦਯੋਗ ਕੇਂਦਰ, ਫਰੀਦਕੋਟ
8) ਸਹਾਇਕ ਲੇਬਰ ਕਮਿਸ਼ਨਰ, ਮੋਗਾ
9) ਬੀ.ਡੀ.ਪੀ.ਓ., ਫਰੀਦਕੋਟ, ਕੋਟਕਪੂਰਾ, ਜੈਤੋ

ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner